# ਪ੍ਰਸ਼ਨ-ਬੈਂਕ

## 2022-23

## ਵਿਸ਼ਾ- ਸਮਾਜ ਸ਼ਾਸਤਰ (ਬਾਰ੍ਹਵੀਂ ਸ਼੍ਰੇਣੀ)

## (ਵਿਲੱਖਣ ਸਮੱਰਥਾ ਵਾਲੇ ਵਿਦਿਆਰਥੀਆਂ ਲਈ)

**ਸਮਾਂ: 3 ਘੰਟੇ (ਹਰ ਘੰਟੇ ਲਈ 20 ਮਿੰਟ ਵਾਧੂ ਸਮਾਂ)** **ਲਿਖਤੀ :80 ਅੰਕ**

**ਆਂਤਰਿਕ ਮੁਲਾਂਕਣ: 20 ਅੰਕ**

**ਕੁੱਲ: 100 ਅੰਕ**

**ਨੋਟ: - ਪ੍ਰਸ਼ਨ-ਪੱਤਰ ਤਿੰਨ ਭਾਗਾਂ (ਭਾਗ-ੳ,ਅ ਅਤੇ ੲ) ਵਿੱਚ ਵੰਡਿਆ ਗਿਆ ਹੈ।**

**ਭਾਗ-ੳ**

(i) ਭਾਗ-ੳ ਵਿੱਚ ਪ੍ਰਸ਼ਨ 1-20 ਤੱਕ ਵਸਤੂਨਿਸ਼ਠ ਪ੍ਰਸ਼ਨ ਹਨ। ਹਰੇਕ ਪ੍ਰਸ਼ਨ ਦੇ 2 ਅੰਕ ਹਨ। ਇਸ ਭਾਗ ਦੇ ਸਾਰੇ ਪ੍ਰਸ਼ਨ ਪ੍ਰਸ਼ਨ ਹੱਲ ਕਰਨੇ ਜ਼ਰੂਰੀ ਹਨ।

**ਪ੍ਰਸ਼ਨ 1. ਵਸਤੂਨਿਸ਼ਠ ਪ੍ਰਸ਼ਨ**

**ਸਹੀ ਉੱਤਰ ਦੀ ਚੋਣ ਕਰੋ:**

**ਬਹੁਵਿਕਲਪੀ ਪ੍ਰਸ਼ਨ**

- ਟਰਾਈਬ ਸ਼ਬਦ ਕਿਹੜੀ ਭਾਸ਼ਾ ਦੇ ਸ਼ਬਦ ਤੋਂ ਲਿਆ ਗਿਆ ਹੈ?

  (ੳ) ਯੁਨਾਨੀ (ਅ) ਲਾਤੀਨੀ

  (ੲ) ਗਰੀਕ ਅਤੇ ਲਾਤੀਨੀ (ਸ) ਲਾਤੀਨੀ ਜਾਂ ਜਰਮਨੀ

- ਭਾਰਤ ਵਿੱਚ ਸਭ ਤੋਂ ਵੱਡਾ ਕਬੀਲਾ ਕਿਹੜਾ ਹੈ?

  (ੳ) ਸੰਥਾਲ (ਅ) ਭੀਲ

  (ੲ) ਮੁੰਡਾ (ਸ) ਗੋਂਡ

- ਵਾਤਾਵਰਨ ਦੇ ਪਤਨ ਦਾ ਕਾਰਨ ਕੀ ਹੈ?

  (ੳ) ਆਵਾਸ (ਅ) ਗੈਸਾਂ

  (ੲ) ਵਿਸਥਾਪਨ (ਸ) ਜੰਗਲ਼ਾਂ ਦੀ ਕਟਾਈ।

- ਵਾਤਾਵਰਨ ਦੇ ਪਤਨ ਦਾ ਕਾਰਨ ਕੀ ਹੈ?
  (ੳ) ਜੰਗਲ਼ਾਂ ਦੀ ਕਟਾਈ (ਅ) ਵਿਸਥਾਪਨ
  (ੲ) ਗੈਸਾਂ (ਸ) ਅਵਾਸ
- ਇੱਕ ਸਥਾਨ ਤੋਂ ਦੂਜੇ ਸਥਾਨ ਵੱਲ ਗਤੀਵਿਧੀ ਤੋਂ ਕੀ ਭਾਵ ਹੈ?
  (ੳ) ਵਿਸਥਾਪਨ (ਅ) ਗਤੀਸ਼ੀਲਤਾ
  (ੲ) ਜ਼ਮੀਨ ਪ੍ਰਾਪਤੀ (ਸ) ਜੰਗਲ਼ਾਂ ਦੀ ਕਟਾਈ।
- ਪੇਂਡੂ ਸਮਾਜ ਵਿੱਚ ਸਮਾਜਿਕ ਸਮੂਹ ਦੋ ਭਾਗਾਂ ਵਿੱਚ ਵੰਡੇ ਹੁੰਦੇ ਹਨ
  (ੳ) ਮਾਲਕ ਤੇ ਮਜ਼ਦੂਰ (ਅ) ਸ਼ੋਸ਼ਕ ਤੇ ਸ਼ੋਸ਼ਿਤ
  (ੲ) ਉੱਚ ਸ਼੍ਰੇਣੀ ਤੇ ਨੀਵੀ ਸ਼੍ਰੇਣੀ (ਸ) ਪੂੰਜੀ ਵਾਦੀ ਤੇ ਮਜ਼ਦੂਰ
- ਫਸਲ਼ਾਂ ਦੀਆਂ ਕਿਸਮਾਂ ਅਤੇ ਨਵੀਆਂ ਤਕਨੀਕਾਂ ਨਾਲ਼ ਸੰਬੰਧਿਤ ਉੱਚ ਪੈਦਾਵਾਰ ਵਾਲ਼ੀ ਖੇਤੀ ਕਿਸ ਕ੍ਰਾਂਤੀ ਨਾਲ਼ ਸੰਬੰਧਿਤ ਹਨ।
  (ੳ) ਸਫੇਦ ਕ੍ਰਾਂਤੀ (ਅ) ਨੀਲੀ ਕ੍ਰਾਂਤੀ
  (ੲ) ਪੀਲੀ ਕ੍ਰਾਂਤੀ (ਸ) ਹਰੀ ਕ੍ਰਾਂਤੀ
- ਵਿਆਹ ਦਾ ਨਿਯਮ ਜਿਸ ਵਿੱਚ ਸਾਥੀ ਦੀ ਚੋਣ ਸਹਿ ਸਮੂਹ ਵਿੱਚੋਂ ਹੁੰਦੀ ਹੈ।
  (ੳ) ਬਾਹਰ ਵਿਆਹ (ਅ) ਅੰਤਰ ਵਿਆਹ
  (ੲ) ਸਮੂਹ ਵਿਆਹ (ਸ) ਇਕਾਂਕੀ ਵਿਆਹ
- ਸਮੂਹ ਵਿੱਚ ਜੀਵਨ ਸਾਥੀ ਦੀ ਚੋਣ ਨੂੰ ਕਹਿੰਦੇ ਹਨ
  (ੳ) ਸਮੂਹ ਵਿਆਹ (ਅ) ਅੰਤਰ ਵਿਆਹ
  (ੲ) ਬਾਹਰ ਵਿਆਹ (ਸ) ਇਕਾਂਕੀ ਵਿਆਹ
- ਜਜਮਾਨੀ ਪ੍ਰਬੰਧ ਕਿਨ੍ਹਾਂ ਦੀ ਕਰਜ਼ਦਾਰੀ ਉੱਤੇ ਅਧਾਰਿਤ ਹੈ :
  (ੳ) ਜਜਮਾਨ (ਅ) ਕਾਮੀ

(ੲ) ਜਜਮਾਨ ਤੇ ਕਾਮੀ (ਸ) ਹਮਜਿਨਸੀ

➢ ਪੇਂਡੂ ਸਮਾਜ ਵਿਚ ਕਰਜ਼ਦਾਰੀ ਦੇ ਪ੍ਰਮੁੱਖ ਕਾਰਨ ਹਨ :

(ੳ) ਵਿਕਾਸ (ਅ) ਗ਼ਰੀਬੀ ਤੇ ਕਮਜ਼ੋਰ ਅਰਥ ਵਿਵਸਥਾ

(ੲ) ਸ੍ਵੈ-ਨਿਰਭਰਤਾ (ਸ) ਜੀਵਨ ਨਿਰਬਾਹ ਦੀ ਅਰਥ ਵਿਵਸਥਾ

➢ ਨਵੀਂ ਖੇਤੀਬਾੜੀ ਤਕਨੀਕ ਨੇ ਕਿਸਾਨਾਂ ਨੂੰ ਬਣਾਇਆ ਹੈ :

(ੳ) ਮੰਡੀ ਅਧਾਰਿਤ (ਅ) ਕਿਰਤੀ ਵਰਗ

(ੲ) ਸ੍ਵੈ-ਨਿਰਭਰਤਾ (ਸ) ਉਪਰੋਕਤ ਵਿੱਚੋਂ ਕੋਈ ਨਹੀਂ

➢ ਸ਼ਹਿਰੀ ਸਮਾਜ ਵਿੱਚ ਆਵਾਸਹੀਣਤਾ ਦੇ ਕੀ ਕਾਰਨ ਹਨ?

(ੳ) ਮਕਾਨਾਂ ਦੀ ਕਮੀ (ਅ) ਮਕਾਨਾਂ ਦਾ ਅਧਿਕਾਰ

(ੲ) ਘੱਟ ਜੰਨਸੰਖਿਆਂ (ਸ) ਉਪਰੋਕਤ ਸਾਰੇ

➢ ਪਿੰਡਾਂ ਤੋਂ ਸ਼ਹਿਰਾਂ ਵੱਲ ਲੋਕਾਂ ਦੇ ਪ੍ਰਸਥਾਨ ਦੀ ਪ੍ਰਕਿਰਿਆ ਨੂੰ ਕੀ ਆਖਦੇ ਹਨ।

(ੳ) ਸ਼ਹਿਰੀ ਸਮਾਜ (ਅ) ਪੇਂਡੂਸਮਾਜ

(ੲ) ਸ਼ਹਿਰੀਵਾਦ (ਸ) ਸ਼ਹਿਰੀਕਰਨ

➢ ਗੰਦੀਆਂ ਬਸਤੀਆਂ ਦੇ ਵਾਧੇ ਦੇ ਕਾਰਨ ਹਨ।

(ੳ) ਗ਼ਰੀਬੀ (ਅ) ਵਧਦੀ ਜਨਸੰਖਿਆ

(ੲ) ੳ ਅਤੇ ਅ ਦੋਵੇਂ (ਸ) ਇਨ੍ਹਾਂ ਵਿੱਚੋਂ ਕੋਈ ਵੀ ਨਹੀਂ

➢ ਸ਼ਹਿਰੀ ਸਮਾਜ ਵਿੱਚ ਕਿਹੜੀਆਂ ਸਮਾਜਿਕ ਸਮੱਸਿਆਵਾਂ ਪਾਈਆਂ ਜਾਂਦੀਆਂ ਹਨ।

(ੳ) ਅਪਰਾਧ (ਅ) ਨਸ਼ੀਲੀਆਂ ਦਵਾਈਆਂ ਦਾ ਸੇਵਨ

(ੲ) ਸ਼ਰਾਬਖੋਰੀ (ਸ) ਉਪਰੋਕਤ ਸਾਰੇ

➢ ਬੇਘਰ ਹੋਣ ਦਾ ਕਾਰਨ

(ੳ) ਮਕਾਨਾਂ ਦੀ ਕਮੀ (ਅ) ਆਤਮ ਨਿਰਭਰ

(ੲ) ਵਿਕਾਸ (ਸ) ਉਪਰੋਕਤ ਵਿੱਚੋਂ ਕੋਈ ਨਹੀਂ

- ਨਿਮਨਲਿਖਤ ਜਾਤੀਆਂ ਵਿੱਚੋਂ ਕਿਹੜੀ ਜਾਤੀ ਨੂੰ 'ਦਵਿਜ' ਨਹੀਂ ਕਿਹਾ ਜਾਂਦਾ।

(ੳ) ਬ੍ਰਾਹਮਣ (ਅ) ਖੱਤਰੀ

(ੲ) ਵੈਸ਼ (ਸ) ਸ਼ੂਦਰ

- ਜਾਤੀ ਵਿਵਸਥਾ ਦਾ ਆਧਾਰ ਕੀ ਹੈ?

(ੳ) ਜਨਮ (ਅ) ਵਰਣ

(ੲ) ਕਰਮ (ਸ) ਧਰਮ

- ਸ਼ਬਦ 'ਅੰਨਤਿਯਾਜ' ਕੀ ਦਰਸਾਉਂਦਾ ਹੈ

(ੳ) ਛੋਹਣ ਯੋਗ ਸ਼ੂਦਰ (ਅ) ਅਛੂਤ ਸ਼ੂਦਰ

(ੲ) ਖੇਤੀਯੋਗ ਜ਼ਮੀਨ ਤੋਂ ਬਿਨਾਂ ਕਿਸਾਨ (ਸ) ਕਬੀਲੇ

- ਨਿਮਨਲਿਖਤ ਵਿੱਚੋਂ ਸਮਾਜ ਵਿੱਚ ਕਿਹੜਾ ਵਰਗ ਭੇਦ ਭਾਵ ਸੁਰੱਖਿਆ ਨੀਤੀ ਨਾਲ਼ ਜੁੜਿਆ ਹੈ?

(ੳ) ਉੱਚੀ ਜਾਤੀ (ਅ) ਮੱਧਮ ਜਾਤੀ

(ੲ) ਅਨੁਸੂਚਿਤ ਜਾਤੀ (ਸ) ਪ੍ਰਬਲ ਜਾਤੀ

- 'ਆਪਣੇ ਆਪ ਵਿੱਚ ਵਰਗ' ਅਤੇ 'ਆਪਣੇ ਆਪ ਲਈ ਵਰਗ' ਦੀ ਧਾਰਨਾ ਕਿਸ ਨੇ ਦਿੱਤੀ।

(ੳ) ਮਾਰਕਸ (ਅ) ਵੈਬਰ

(ੲ) ਸੋਰੋਕਿਨ (ਸ) ਕੋਈ ਵੀ ਨਹੀਂ

- ਅਲਕੋਹਲ ਦਾ ਕਿਹੜਾ ਪ੍ਰਭਾਵ ਨਹੀਂ ਹੈ?

(ੳ) ਅਪਰਾਧਾਂ ਦਾ ਵਧਣਾ (ਅ) ਪਰਿਵਾਰ ਵਿਘਟਨ

(ੲ) ਸਮਾਨਤਾ (ਸ) ਮਾਨਸਿਕ ਅਸੰਤੁਲਨ

- ਹੇਠ ਲਿਖਿਆਂ ਵਿੱਚੋਂ ਕਿਹੜਾ ਤੱਤ ਜਾਤ ਅਤੇ ਵਰਗ ਵਿੱਚ ਭਿੰਨਤਾ ਨੂੰ ਨਹੀਂ ਦਰਸਾਉਂਦਾ।

(ੳ) ਅਰਜਿਤ ਅਤੇ ਪ੍ਰਦੱਤ (ਅ) ਬੰਦ ਅਤੇ ਖੁੱਲੀ ਗਤੀਸ਼ੀਲਤਾ

(ੲ) ਪਵਿੱਤਰ ਅਤੇ ਨਿਰਪੇਖ ਧਰਮ (ਸ) ਰਾਜ ਕਰਨ ਵਾਲ਼ੇ ਅਤੇ ਸ਼ੋਸ਼ਿਤ

- ਹੇਠ ਲਿਖਿਆਂ ਵਿੱਚੋਂ ਕਿਹੜੇ ਉਤਪਾਦਨ ਦੇ ਸਾਧਨਾਂ ਦਾ ਸੰਗ੍ਰਹਿ ਹਨ :

(ੳ) ਜ਼ਮੀਨ (ਅ) ਸੱਭਿਆਚਾਰ

(ੲ) ਕਾਮੇ (ਸ) ਪੂੰਜੀ

- ਗ਼ੁਲਾਮ ਵਰਗ ਕਿਸ ਦੇ ਵਿਰੁੱਧ ਹੈ?

(ੳ) ਪੂੰਜੀਪਤੀ (ਅ) ਮਾਲਕ

(ੲ) ਸਾਮੰਤ (ਸ) ਛੋਟੇ ਪੂੰਜੀਪਤੀ

- ਟ੍ਰਾਂਸ ਜੈਂਡਰ ਦਾ ਅਰਥ ਹੈ:

ੳ) ਪੁਰਸ਼ ਅ) ਇਸਤਰੀ

(ੲ) ਤੀਸਰਾ ਲਿੰਗ ਵਰਗ ਸ) ਕੋਈ ਨਹੀਂ

- ਲਿੰਗ ਅਨੁਪਾਤ ਤੋਂ ਕੀ ਭਾਵ ਹੈ :

ੳ) 1000 ਪੁਰਸ਼ਾਂ ਪਿੱਛੇ ਇਸਤਰੀਆਂ ਦੀ ਸੰਖਿਆ

ਅ) 1000 ਇਸਤਰੀਆਂ ਪਿੱਛੇ ਪੁਰਸ਼ਾਂ ਦੀ ਸੰਖਿਆ

ੲ) 1000 ਬੱਚਿਆਂ ਪਿੱਛੇ ਇਸਤਰੀਆਂ ਦੀ ਸੰਖਿਆ

ਸ) ਇਸਤਰੀਆਂ ਅਤੇ ਪੁਰਸ਼ਾਂ ਦੀ ਸੰਖਿਆ

- ਪਰਿਵਰਤਨ ਦੀਆਂ ਸੱਭਿਆਚਾਰਿਕ ਪ੍ਰਕਿਰਿਆਵਾਂ ਹਨ-

(ੳ) ਪੱਛਮੀਕਰਨ (ਅ) ਸੰਸਕ੍ਰਿਤੀਕਰਨ

(ੲ) ਉਪਰੋਕਤ ਦੋਵੇਂ (ਸ) ਕੋਈ ਨਹੀਂ

- ਉਹ ਪ੍ਰਕਿਰਿਆ ਦੱਸੋ ਜੋ ਪਰੰਪਰਾਗੱਤ ਰੂਪ ਵਿੱਚ ਨਿਮਨ ਸਥਿਤੀ, ਉੱਚ ਸਥਿਤੀ ਗ੍ਰਹਿਣ ਕਰਨ ਨਾਲ਼ ਸੰਬੰਧਿਤ ਹੈ:

(ੳ) ਪੱਛਮੀਕਰਨ (ਅ) ਸੰਸਕ੍ਰਿਤੀਕਰਨ

(ੲ) ਆਧੁਨਿਕੀਕਰਨ (ਸ) ਵਿਸ਼ਵੀਕਰਨ

➢ ਪੱਛਮੀਕਰਨ ਦੀ ਪ੍ਰਕਿਰਿਆ ਦਾ ਵਿਕਾਸ ਕਿਸ ਸਮੇ ਤੋਂ ਹੋਇਆ ਹੈ।

(ੳ) ਵੈਦਿਕ ਯੁੱਗ (ਅ) ਉੱਤਰ ਕਲੀਨ

(ੲ) ਵੈਦਿਕ ਯੁੱਗ ਮੁਗ਼ਲ ਕਾਲ (ਸ) ਅੰਗ੍ਰੇਜ਼ਾਂ ਦਾ ਕਾਲ

➢ ਵਿਸ਼ਵੀਕਰਨ ਦਾ ਅਰਥ ਹੈ :

(ੳ) ਵਪਾਰ ਦੀ ਬੰਦਸ਼ ਵਿੱਚ ਘਾਟ

(ਅ) ਤਕਨੀਕ ਦਾ ਆਸਾਨੀ ਨਾਲ਼ ਆਦਾਨ-ਪ੍ਰਦਾਨ

(ੲ) ਦੋਵਾਂ ਵਿੱਚੋਂ ਕੋਈ ਵੀ ਨਹੀਂ

➢ ਨਿਮਨਲਿਖਤ ਵਿੱਚੋਂ ਸਮਾਜਿਕ ਅੰਦੋਲਨ ਦੀ ਕਿਹੜੀ ਵਿਸ਼ੇਸ਼ਤਾ ਨਹੀਂ ਹੈ?

(ੳ) ਸਮੂਹਿਕ ਚੇਤਨਾ (ਅ) ਨਿਸ਼ਚਿਤ ਵਿਚਾਰਧਾਰਾ

(ੲ) ਸਮੂਹਿਕ ਗਤੀਸ਼ੀਲਤਾ (ਸ) ਕੇਵਲ ਸੁਭਾਅ ਤੋਂ ਹਿੰਸਕ

➢ ਸਵੈਮਾਣ ਅੰਦੋਲਨ ਕਿਸ ਨੇ ਸ਼ੁਰੂ ਕੀਤਾ?

(ੳ) ਪੈਰਿਆਰ ਈ. ਵੀ. ਰਾਮਾ (ਅ) ਡਾ. ਅੰਬੇਦਕਰ

(ੲ) ਸ੍ਰੀ ਨਰਾਇਣ ਗੁਰੂ (ਸ) ਕੋਈ ਨਹੀਂ

➢ ਵਧਦੇ ਉਦਯੋਗੀਕਰਨ ਨੇ ਵਾਤਾਵਰਨ ਪ੍ਰਦੂਸ਼ਣ ਨੂੰ ਵਧਾਇਆ ਹੈ ਜਿਵੇਂ : -

(ੳ) ਜ਼ਮੀਨ ਦਾ ਵਿਘਟਨ (ਅ) ਭਾਈ ਭਤੀਜਾਵਾਦ

(ੲ) ਜ਼ਿਆਦਾ ਜਨਸੰਖਿਆ (ਸ) ਜਾਤੀ ਪ੍ਰਥਾ

➢ ਨਿਮਨ ਲਿਖਤ ਪੱਧਰ ਸ਼ਰਾਬਖੋਰੀ ਦੀ ਅਵਸਥਾ ਨਹੀਂ ਹੈ:

(ੳ) ਫਜ਼ੂਲ ਖਰਚ ਹੋਣਾ (ਅ) ਨਾਜ਼ੁਕ ਅਵਸਥਾ

(ੲ) ਚਿਰਕਾਲੀਨ ਅਵਸਥਾ (ਸ) ਵਾਰ-ਵਾਰ ਪੀਣ ਵਾਲ਼ੀ ਅਵਸਥਾ

➢ ਨਿਮਨ ਲਿਖਤ ਵਿੱਚ ਸ਼ਰਾਬ ਪੀਣ ਵਾਲੇ ਵਿਅਕਤੀਆਂ ਦੇ ਵਰਗੀਕਰਨ ਦੀ ਵੰਡ ਨਹੀਂ : -

(ੳ) ਕਦੀ ਕਦੀ ਪੀਣ ਵਾਲ਼ੇ (ਅ) ਬਹੁਤ ਘੱਟ ਪੀਣ ਵਾਲ਼ੇ

(ੲ) ਘੱਟ ਪੀਣ ਵਾਲ਼ੇ (ਸ) ਉਪਰੋਕਤ ਵਿੱਚੋਂ ਕੋਈ ਨਹੀਂ

➢ ਸ਼ਰਾਬਖੋਰੀ ਕਿਸ ਤਰ੍ਹਾਂ ਦੀ ਸਮੱਸਿਆ ਨਾਲ਼ ਸੰਬੰਧਿਤ ਹੈ।

(ੳ) ਸਮਾਜਿਕ ਸਮੱਸਿਆਵਾਂ ਅ) ਆਰਥਿਕ ਸਮੱਸਿਆਵਾਂ

(ੲ) ਸਿਹਤ ਸਮੱਸਿਆਵਾਂ (ਸ) ਉਪਰੋਕਤ ਸਾਰੇ

➢ ਤੰਬਾਕੂ 30% ਤੱਕ ਹੋਣ ਵਾਲ਼ੀ ਕਿਸ ਬਿਮਾਰੀ ਲਈ ਜ਼ਿੰਮੇਵਾਰ ਹੈ?

(ੳ) ਕੈਂਸਰ ਨਾਲ ਮੌਤ (ਅ) ਏਡਸ

(ੲ) ਡੇਂਗੂ (ਸ) ਸ਼ੂਗਰ

➢ ਸਮਾਜ ਦੇ ਪ੍ਰਮਾਣਿਤ ਮਾਪਦੰਡ ਨੂੰ ਤੋੜਨ ਨਾਲ਼ ਸ਼ਰੀਰਿਕ, ਮਾਨਸਿਕ ਅਤੇ ਸਮਾਜਿਕ ਪਰਿਣਾਮ ਕਿਵੇਂ ਹੁੰਦੇ ਹਨ?

(ੳ) ਨਸ਼ਾਖ਼ੋਰੀ (ਅ) ਮੋਟਾਪਾ

(ੲ) ਭੋਜਨ ਵਿੱਚ ਮਿਲਾਵਟ (ਸ) ਮੁੱਲਾਂ ਵਿੱਚ ਸੰਘਰਸ਼

➢ ਲਿੰਗ ਅਨੁਪਾਤ ਦੀ ਪਰਿਭਾਸ਼ਾ:

(ੳ) 1000 ਪੁਰਸ਼ਾਂ ਪਿੱਛੇ ਇਸਤਰੀਆਂ ਦੀ ਸੰਖਿਆ

(ਅ) 1000 ਇਸਤਰੀਆਂ ਪਿੱਛੇ ਪੁਰਸ਼ਾਂ ਦੀ ਸੰਖਿਆ

(ੲ) 1000 ਪੁਰਸ਼ਾਂ ਪਿੱਛੇ ਬੱਚਿਆਂ ਦੀ ਸੰਖਿਆ

(ਸ) ਉਪਰੋਕਤ ਵਿੱਚੋਂ ਕੋਈ ਨਹੀਂ

➢ ਪੰਜਾਬ ਵਿੱਚ ਸਭ ਤੋਂ ਘੱਟ ਲਿੰਗ ਅਨੁਪਾਤ ਕਿਹੜੇ ਜ਼ਿਲ੍ਹੇ ਵਿੱਚ ਹੈ

(ੳ) ਫਿਰੋਜ਼ਪੁਰ (ਅ) ਬਠਿੰਡਾ

(ੲ) ਹੁਸ਼ਿਆਰਪੁਰ (ਸ) ਲੁਧਿਆਣਾ

➢ ਕੰਨਿਆ ਭਰੂਣ ਹੱਤਿਆ ਦੀ ਜਾਂਚ ਸੰਬੰਧੀ

(ੳ) ਅਲਟਰਾ ਸਾਊਂਡ (ਅ) ਐਮ. ਆਰ. ਆਈ

(ੲ) ਐਕਸਰੇ (ਸ) ਭਾਰ ਤੋਲਣ ਵਾਲ਼ੀ ਮਸ਼ੀਨ

➢ ਘਰੇਲੂ ਭਰੂਣ ਹੱਤਿਆ ਦੇ ਪ੍ਰਮੁੱਖ ਕਾਰਨ ਕੀ ਹਨ?

(ੳ) ਵਧਦਾ ਹੋਇਆ ਲਿੰਗ ਅਨੁਪਾਤ (ਅ) ਪਿੱਤਰ ਪੱਖ ਦੀ ਪ੍ਰਬਲਤਾ

(ੲ) ਲੜਕੀਆਂ ਪ੍ਰਤਿ ਪ੍ਰਾਥਮਿਕਤਾ (ਸ) ਉਪਰੋਕਤ ਵਿੱਚੋਂ ਕੋਈ ਨਹੀ

➢ ਕਿਹੜਾ ਕਾਰਨ ਘਰੇਲੂ ਹਿੰਸਾ ਲਈ ਦੋਸ਼ੀ ਨਹੀਂ ਹੈ?

(ੳ) ਸੱਭਿਆਚਾਰਿਕ (ਅ) ਆਰਥਿਕ

(ੲ) ਸਮਾਜਿਕ (ਸ) ਮਨੋਵਿਗਿਆਨਕ

➢ ਉਹ ਕਾਨੂੰਨ ਜਿਸਦੇ ਅਧੀਨ ਲੜਕੀ ਨੂੰ ਆਪਣੇ ਮਾਤਾ ਪਿਤਾ ਦੀ ਜਾਇਦਾਦ ਵਿੱਚ ਬਰਾਬਰ ਹੱਕ ਹੈ।

(ੳ) ਕਾਨੂੰਨੀ ਜਾਇਦਾਦ (ਅ) ਹਿੰਦੂ ਜਾਇਦਾਦ ਅਧਿਨਿਯਮ

(ੲ) ਨਾਗਰਿਕ ਅਧਿਨਿਯਮ (ਸ) ਦੈਵਿਕ ਅਧਿਨਿਯਮ

➢ ਅਸਮਰੱਥ ਵਿਅਕਤੀਆਂ ਦੇ ਅਧਿਕਾਰਾਂ ਨੂੰ ਸਰਵਸਰੇਸ਼ਠ ਰੂਪ ਵਿੱਚ ਪ੍ਰੋਤਸਾਹਿਤ ਕੀਤਾ ਜਾਂਦਾ ਹੈ?

(ੳ) ਪਰਿਵਾਰ ਅਤੇ ਮਿੱਤਰ ਸਮੂਹ ਦੁਆਰਾ

(ਅ) ਵਿਵਸਥਿਤ ਰਾਜਨੀਤਿਕ ਨੀਤੀਆਂ ਦੁਆਰਾ

(ੲ) ਅਸਮਰੱਥ ਵਿਅਕਤੀਆਂ ਦੁਆਰਾ

(ਸ) ਸਮਾਜ ਅਤੇ ਰਾਜ ਦੁਆਰਾ

48. ਖ਼ਾਲੀ ਥਾਵਾਂ ਭਰੋ

- ਬਦਲਵੀਂ ਖੇਤੀ ਨੂੰ ________ ਖੇਤੀ ਵੀ ਕਿਹਾ ਜਾਂਦਾ ਹੈ।
- ________ ਅਤੇ ________ਅਤੇ ਜੰਗਲ਼ਾਂ ਦੀ ਕਟਾਈ ਦੇ ਕਾਰਨ ਕਿਹੜੇ ਹਨ?
- ________ਅਤੇ ________ ਕਬਾਇਲੀ ਸਮਾਜ ਦੇ ਮੁੱਖ ਮੁੱਦੇ ਹਨ।
- ਪਿੰਡ ਦੇ ਮੁਖੀ ਨੂੰ ________ਆਖਦੇ ਹਨ।
- ਪੇਂਡੂ ਸਮਾਜ ਦਾ ਅਕਾਰ ________ਹੁੰਦਾ ਹੈ।
- ਸ਼ਹਿਰੀ ਸਮਾਜ ........... ਵਿੱਚ ਹਨ।
- ਗੰਦੀਆਂ ਬਸਤੀਆਂ ਨੂੰ ________ਅਤੇ ________ਵੀ ਕਿਹਾ ਜਾਂਦਾ ਹੈ।
- ________ ਸ਼ਹਿਰੀ ਜੀਵਨ ਸ਼ੈਲੀ ਦੀ ਪ੍ਰਤਿਨਿਧਤਾ ਕਰਦਾ ਹੈ।
- ________ ਅਤੇ________ ਸ਼ਹਿਰੀ ਸਮਾਜ ਦੀਆਂ ਸਮੱਸਿਆਵਾਂ ਹਨ।
- ਜਾਤੀ ਇੱਕ________ਦਰਜਾ ਹੈ।
- ਜਾਤੀ ਪ੍ਰਥਾ ਵਿੱਚ ________ ਅਤੇ ________ ਵਿਆਹ ਹੁੰਦੇ ਹਨ।
- ਕਿੱਤਾ ਸਿਧਾਂਤ__________ਵਿਚਾਰ ਨਾਲ਼ ਸੰਬੰਧਿਤ ਹੈ।
- ਵਰਗ ਪ੍ਰਨਾਲ਼ੀ ਰੁਤਬੇ ਵਿੱਚ ________ਹੈ।
- ਵਿਅਕਤੀ ਦਾ ਵਰਗ ਰੁਤਬਾ________ ਅਤੇ ____ ਦੁਆਰਾ ਨਿਰਧਾਰਿਤ ਹੁੰਦਾ ਹੈ।
- ________ਪੁਰਸ਼ ਪ੍ਰਧਾਨ ਪਰਿਵਾਰ ਵਿੱਚ ਪਿਤਾ ਦੀ ਭੂਮਿਕਾ ਮਹੱਤਵਪੂਰਨ ਹੈ?
- .......... ਘਰੇਲੂ ਹਿੰਸਾ ਦਾ ਰੂਪ ਹੈ।
- ________ਪਰਿਵਾਰ ਪਿੱਤਰ ਪ੍ਰਧਾਨ ਹੁੰਦੇ ਹਨ।
- ਭਾਰਤ ਦੀ ਜਨਗਣਨਾ 2011 ਅਨੁਸਾਰ 1000 ਪੁਰਸ਼ਾਂ ਪਿੱਛੇ________ਇਸਤਰੀਆਂ ਹਨ।

- _______ ਅੰਗਰੇਜ਼ੀ ਅਤੇ ਭਾਰਤੀ ਪ੍ਰਕਿਰਿਆ ਦੇ ਵਾਹਕ ਮੰਨੇ ਜਾਂਦੇ ਹਨ।
- ___________ ਦਾ ਅਰਥ ਹੈ ਕਿ ਜਾਤੀ, ਧਰਮ, ਆਰਥਿਕ ਪੱਧਰ, ਉਮਰ ਅਤੇ ਲਿੰਗ ਦੇ ਭੇਦਭਾਵ ਤੋਂ ਬਿਨਾਂ ਸਭ ਦਾ ਕਲਿਆਣ ਕਰਨਾ।
- ਸਰਕਾਰੀ ਅਦਾਰੇ ਤੋਂ ਨਿੱਜੀ ਅਦਾਰੇ ਵੱਲ ਨਿਯੰਤਰਨ ਦੇ ਤਬਾਦਲੇ ਨੂੰ _______ _______ ਕਹਿੰਦੇ ਹਨ।
- ______________ ਦੇਸਾਂ ਵਿੱਚ ਆਰਥਿਕ ਅੰਤਰ- ਨਿਰਭਰਤਾ ਨੂੰ ਵਧਾ ਰਿਹਾ ਹੈ।
- ਜਦੋਂ ਵਿਅਕਤੀ ਸਵੇਰੇ ਤੋਂ ਪੀਣੀ ਸ਼ੁਰੂ ਕਰ ਦਿੰਦਾ ਹੈ ਤਾਂ ਉਹ ._______ ਅਵਸਥਾ ਵਿੱਚ ਸਮਝਿਆ ਜਾਂਦਾ ਹੈ।
- _______ ਉਹ ਵਿਅਕਤੀ ਹੈ ਜੋ ਮਹੀਨੇ ਵਿੱਚ ਤਿੰਨ ਜਾਂ ਚਾਰ ਵਾਰ ਪੀਂਦੇ ਹਨ।
- ਨਸ਼ੀਲੇ ਪਦਾਰਥਾਂ ਦੇ ਦੁਰਪ੍ਰਯੋਗ ਨਾਲ਼ _______ ਅਤੇ _______ ਪ੍ਰਭਾਵ ਨੂੰ ਜਨਮ ਦਿੰਦਾ ਹੈ ਜੋ ਸਿਹਤ ਲਈ ਹਾਨੀਕਾਰਕ ਹੁੰਦੇ ਹਨ।
- ਨਸ਼ੇ ਦੇ ਸੇਵਨ ਤੋਂ ਸਰੀਰ ਦੀ _______ ਕਮਜ਼ੋਰ ਹੁੰਦੀ ਹੈ ਅਤੇ ਵਿਅਕਤੀ ਕਈ ਤਰ੍ਹਾਂ ਦੇ ਰੋਗਾਂ ਦੇ ਸ਼ਿਕਾਰ ਹੋ ਸਕਦਾ ਹੈ।
- ਲਿੰਗ ਜਾਂਚ ਸੰਬੰਧੀ ਟੈਸਟ ਵਿੱਚ _______ ਸ਼ਾਮਿਲ ਹੈ
- ਉਹ ਦੰਪਤੀ ਜੋ ਇਕੱਲੇ ਜਾਂ ਬੱਚਿਆਂ ਨਾਲ਼ ਰਹਿੰਦੇ ਹਨ ਜਾਂ ਇੱਕ ਬੱਚਿਆਂ ਨਾਲ਼ ਰਹਿੰਦਾ ਹੈ ਉਸ ਨੂੰ _______ ਪਰਿਵਾਰ ਕਹਿੰਦੇ ਹਨ।
- ._______ ਨੂੰ ਸਕੂਲ ਕਾਲਜ ਜਾਂ ਵਿਸ਼ਵ ਵਿਦਿਆਲਿਆ ਦੇ ਪਾਠਕ੍ਰਮ ਵਿੱਚ ਜ਼ਰੂਰੀ ਹਿੱਸਾ ਬਣਾਉਣਾ ਚਾਹੀਦਾ ਹੈ।
- _______ ਨੂੰ ਸਮਾਜਿਕ ਤੌਰ ਤੇ ਦੁਰਵਿਵਹਾਰ ਦੇ ਰੂਪ ਵਿੱਚ ਪ੍ਰਭਾਸ਼ਿਤ ਕੀਤਾ ਜਾਂਦਾ ਹੈ ਜੋ ਇੱਕ ਜਾਂ ਦੂਜੇ ਜਾਂ ਦੋਨੋਂ ਮੈਂਬਰ ਜਾਂ ਵਿਆਹ ਵਰਗੇ ਗਹਿਰੇ ਸੰਬੰਧਾਂ ਵਿੱਚ ਬੰਨ੍ਹੇ ਹੋਣ, ਵਿੱਚ ਪਾਇਆ ਜਾਂਦਾ ਹੈ।

- ਜੋੜਾਂ ਵਿੱਚ ਸੋਜ਼ਿਸ, ਉੱਚ ਰਕਤਚਾਪ, ਸ਼ੂਗਰ ਅਤੇ ਦਿਲ ਦੀ ਬਿਮਾਰੀ ਉਮਰ ਨਾਲ਼ ਸੰਬੰਧਿਤ _______ਬਿਮਾਰੀਆਂ ਹੁੰਦੀਆਂ ਹਨ।
- ਬਿਰਧ ਵਿਅਕਤੀਆਂ ਦੇ ਲਈ ਨਵੀਂ ਆਵਾਸ ਪ੍ਰਨਾਲ਼ੀ ਨੂੰ _______ਕਹਿੰਦੇ ਹਨ।
- ਉਮਰ ਵਧਣ ਦੀ ਪ੍ਰਕਿਰਿਆ ਨੂੰ ਸਮਾਜਿਕ ਪੱਖ ਅਤੇ ਸਮਾਜ ਸ਼ਾਸਤਰੀ ਪੱਖ ਤੋਂ _______ਆਖਦੇ ਹਨ।
- ਗ੍ਰਾਮੀਣ ਸਮਾਜ ਆਕਾਰ ਵਿੱਚ .......... ਹਨ।
- LPG ਦਾ ਭਾਵ ਉਦਾਰੀਕਰਨ ............. ਅਤੇ ........... ਹੈ।
- ਜਾਤੀ ਇੱਕ ........... ਦਰਜਾ ਹੈ।
- .............ਅਤੇ .............. ਅਸਮਰਥਤਾ ਦੇ ਦੋ ਪ੍ਰਕਾਰ ਹਨ।

49. ਸਹੀ ਮਿਲਾਨ ਕਰੋ

| | |
|---|---|
| ➢ ਆਹਮਣੇ ਸਾਹਮਣੇ ਦੇ ਸੰਬੰਧ | ਕਰਜ਼ਦਾਰੀ |
| ➢ ਘਰ ਦਾ ਮੁੱਖੀਆ | ਉੱਚ ਪੈਦਾਵਾਰ ਵਿਵਧਤਾ ਬੀਜ |
| ➢ ਆਪਣੇ ਸਮੂਹ ਵਿਚ ਵਿਆਹ | ਗਹਿਰੇ ਸਬੰਧ |
| ➢ ਮੁਕੱਦਮੇਬਾਜ਼ੀ | ਕਰਜ਼ਾ |
| ➢ ਕਣਕ, ਚਾਵਲ ਅਤੇ ਹੋਰ ਫਸਲਾਂ | ਅੰਤਰ ਵਿਆਹ |
| ➢ ਰਸਮੀ ਸੰਬੰਧ | ਆਵਾਸਹੀਣਤਾ |
| ➢ ਮਕਾਨਾਂ ਦੀ ਕਮੀ | ਝੁੱਗੀ/ਝੋਪੜੀ ਬਸਤੀ |
| ➢ ਸ਼ਹਿਰੀ ਜੀਵਨ ਸ਼ੈਲੀ | ਸ਼ਹਿਰੀ ਸਮਾਜ |
| ➢ ਨਾਕਸ ਇਮਾਰਤਾਂ/ਮਕਾਨ | ਪਰਜਿਨਸੀ |
| ➢ ਵਿਭਿੰਨ ਪਿਛੋਕੜਾਂ | ਸ਼ਹਿਰੀਵਾਦ |
| ➢ ਬ੍ਰਾਹਮਣ | ਜਾਤੀ ਤੋਂ ਬਾਹਰ ਵਿਆਹ |

| | |
|---|---|
| ➢ ਵਿਜਾਤੀ | ਲਾਲ |
| ➢ ਰਕਤ ਵਰਨ | ਵਪਾਰ ਅਤੇ ਕਿੱਤੇ |
| ➢ ਪਰੰਪਰਾਗਤ ਸਿਧਾਂਤ | ਧਾਰਮਿਕ ਰਸਮਾਂ ਅਤੇ ਰਿਵਾਜ਼ਾਂ ਨੂੰ ਨਿਭਾਉਣਾ |
| ➢ ਸਮਾਜਿਕ ਵਰਗ | ਬੁਰਜ਼ੁਆ |
| ➢ ਪੂੰਜੀਪਤੀ | ਖ਼ਾਸ ਵਰਗ ਦੀ ਜੀਵਨ ਸ਼ੈਲੀ |
| ➢ ਵਰਗ ਦੇ ਨਿਰਧਾਰਕ | ਖੁੱਲ੍ਹਾ ਸਮੂਹ |
| ➢ ਵਰਗ ਚੇਤਨਾ | ਕਿੱਤਾ |
| ➢ ਜੀਵਨ ਜੀਊਣ ਦਾ ਤਰੀਕਾ | ਸਵੈ ਜਾਗਰੂਕਤਾ |
| ➢ ਪਦਕ੍ਰਮ | ਸੰਦਰਭ ਸਮੂਹ |
| ➢ ਉੱਚ ਜਾਤੀ | ਸਥਿਤੀ ਪਰਿਵਰਤਨ |
| ➢ ਸੰਸਕ੍ਰਿਤੀਕਰਨ | ਦਰਜਾਬੰਦੀ |
| ➢ ਪੱਛਮੀਕਰਨ | ਸਰਵ ਕਲਿਆਣ |
| ➢ ਮਾਨਵਤਾਵਾਦ | ਕਦਰਾਂ ਕੀਮਤਾਂ ਨੂੰ ਪਹਿਲ |
| ➢ ਆਧੁਨਿਕੀਕਰਨ | ਵਿਅਕਤੀਗਤ ਪਰਿਵਰਤਨ |
| ➢ ਵਿਸ਼ਵੀਕਰਨ | ਇੱਕਜੁਟਤਾ |
| ➢ ਦੁਰਖੀਮ | ਵਿਸ਼ਵ  ਗ੍ਰਾਮ |
| ➢ ਵੈਬਰ | ਤਕਨੀਕੀ ਪਰਿਵਰਤਨ |
| ➢ ਮਾਰਸ਼ਲ | ਅੰਤਰ-ਨਿਰਭਰਤਾ |
| ➢ ਸਵੈ ਅਭਿਮਾਨ ਅੰਦੋਲਨ | ਚੰਡੀ ਪ੍ਰਸਾਦ ਭੱਟ |
| ➢ ਮਹਾਰ ਅੰਦੋਲਨ | ਮੇਧਾ ਪਾਟੇਕਰ |
| ➢ ਚਿਪਕੋ ਅੰਦੋਲਨ | ਪੈਰਿਆਰ ਵੀ. ਵੀ. ਰਾਮਾ ਸੁਆਮੀ |

| | |
|---|---|
| ➢ ਬ੍ਰਹਮੋ ਸਮਾਜ | ਰਾਜਾ ਰਾਮ ਮੋਹਨ ਰਾਇ |
| ➢ ਨਰਮਦਾ ਬਚਾਓ ਅੰਦੋਲਨ | ਡਾ. ਅੰਬੇਦਕਰ |
| ➢ ਗਰੀਬੀ | ਵਾਤਾਵਰਨ ਸਮੱਸਿਆ |
| ➢ ਅਣਚਾਹੀ ਪ੍ਰਸਥਿਤੀਆਂ | ਸਮਾਜਿਕ ਸੱਭਿਆਚਾਰਿਕ ਸਮੱਸਿਆ |
| ➢ ਪੁੱਤਰ ਸੰਤਾਨ ਨੂੰ ਤਰਜੀਹ | ਆਰਥਿਕ ਸਮੱਸਿਆ |
| ➢ ਵਿਸ਼ਵੀ ਤਾਪ ਵਿੱਚ ਵਾਧਾ | ਭਰੂਣ ਹੱਤਿਆ ਦਾ ਕਾਰਨ |
| ➢ ਸ਼ਰਾਬ ਖੋਰੀ ਦੇ ਪੜਾਅ | ਸੁਭਾਵਿਕ ਕਾਰਨ |
| ➢ ਘੱਟ ਪੀਣ ਵਾਲ਼ੇ | ਦੀਰਘਕਾਲ ਅਵਸਥਾ |
| ➢ ਨਸ਼ੇ ਦੀ ਲੱਤ | ਜੋ ਮਹੀਨੇ ਵਿੱਚ ਇੱਕ ਜਾਂ ਦੋ ਵਾਰ ਪੀਂਦੇ ਹਨ। |
| ➢ ਘੱਟ ਉਮਰ ਵਿੱਚ ਪੀਣ ਵਾਲ਼ੇ | ਵੱਧਦਾ ਤਣਾਅ |
| ➢ ਨਸ਼ਾਖੋਰੀ ਦੇ ਕਾਰਨ | ਹਿੰਸਕ ਅਪਰਾਧ |
| ➢ ਕੰਨਿਆ ਭਰੂਣ ਹੱਤਿਆ | ਲੜਕੀਆਂ ਦੀ ਹੱਤਿਆ |
| ➢ ਲਿੰਗ ਅਨੁਪਾਤ | ਪੁਰਸ਼ ਪ੍ਰਬਲਤਾ |
| ➢ ਪਿੱਤਰਪ੍ਰਧਾਨਤਾ | ਕੰਨਿਆ ਭਰੂਣ ਦੀ ਮਾਂ ਦੇ ਗਰਭ ਵਿੱਚ ਹੱਤਿਆ |
| ➢ ਕੰਨਿਆ ਬਾਲ ਹੱਤਿਆ | 1000 ਪੁਰਸ਼ਾਂ ਪਿੱਛੇ ਇਸਤਰੀਆਂ ਦੀ ਸੰਖਿਆ |
| ➢ ਘਰੇਲੂ ਹਿੰਸਾ ਦੇ ਪ੍ਰਕਾਰ | ਪੁਰਸ਼ ਸਮਾਜ ਦਾ ਹਾਵੀ ਹੋਣਾ |
| ➢ ਸਮਾਜ ਤੋਂ ਆਪਣੇ ਆਪ ਨੂੰ ਅਲੱਗ ਕਰਨਾ | ਗਤੀਵਿਧੀ ਸਿਧਾਂਤ |
| ➢ ਸਮਾਜਿਕ ਆਰਥਿਕ ਪੱਧਰ ਵਿੱਚ ਬਦਲਾਅ | ਸਮਾਜਿਕ ਸਮੱਸਿਆਵਾਂ |
| ➢ ਬਿਰਧਾਂ ਨੂੰ ਵਧੇਰੇ ਗਤੀਸ਼ੀਲ ਹੋਣਾ ਚਾਹੀਦਾ ਹੈ | ਵਿਘਟਨ ਸਿਧਾਂਤ |
| ➢ ਬਿਰਧ ਉਮਰ ਦੀ ਪ੍ਰਕਿਰਿਆ ਸੰਬੰਧੀ ਅਧਿਐਨ ਦਾ ਖੇਤਰ | ਆਰਥਿਕ ਸੁਰੱਖਿਅਤਾ |
| ➢ ਸਵੈ ਨੂੰ ਬਣਾ ਕੇ ਰੱਖਣ ਵਿੱਚ ਅਸਮਰੱਥ | ਜ਼ਰਾ ਵਿਗਿਆਨ |

| | |
|---|---|
| ➢ ਮਕਾਨਾਂ ਦੀ ਕਮੀ | ਜਾਤੀ ਤੋਂ ਬਾਹਰ ਵਿਆਹ |
| ➢ ਮੁੱਕਦਮੇਬਾਜੀ | ਪੁਰਸ਼/ ਪਿਤਾ ਦਾ ਸ਼ਾਸਨ |
| ➢ ਜੀਵਨ ਜੀਊਣ ਦਾ ਤਰੀਕਾ | ਸਵੈ ਜਾਗਰੂਕਤਾ |
| ➢ ਪੁਰਸ਼ਪ੍ਰਧਾਨ | ਜੀਵਨ ਸ਼ੈਲੀ |
| ➢ ਬਾਹਰੀ ਵਿਆਹ | ਕਰਜੇਦਾਰੀ |
| ➢ ਸੰਥਾਲ | ਆਰਥਿਕ ਸਮਸਿਆਂ |
| ➢ ਬਜੁਰਗਾਂ ਨੂੰ ਸਰਗਰਮ ਹੋਣਾ ਚਾਹੀਦਾ ਹੈ | ਦਰਜਾ ਦੀ ਸ਼੍ਰੇਣੀ |
| ➢ ਵਰਗ ਚੇਤਨਾ | ਸੰਥਾਲ ਭਾਸ਼ਾ |
| ➢ ਗਰੀਬੀ | ਸਰਗਰਮ ਸਿਧਾਂਤ |
| ➢ ਲੜੀਵਾਦ | ਕਾਰਲ ਮਾਰਕਸ |

**ਠੀਕ ਜਾਂ ਗ਼ਲਤ ਦੇ ਉੱਤਰ ਦਿਓ:-**

- ਮੁੰਡਾ ਕਬੀਲਾ 'ਮੁੰਡਾਰੀ' ਭਾਸ਼ਾ ਬੋਲਦੇ ਹਨ।
- ਕਬੀਲਿਆਂ ਦਾ ਵਿਸ਼ਵਾਸ ਜੀਵਵਾਦ ਅਤੇ ਟੋਟਮਵਾਦ ਵਿੱਚ ਹੈ।
- ਜੰਗਲ਼ਾਂ ਦੀ ਕਟਾਈ ਦਾ ਵਾਤਾਵਰਨ ਅਤੇ ਜੈਵਿਕਤਾ ਉੱਪਰ ਕੋਈ ਪ੍ਰਭਾਵ ਨਹੀਂ ਪੈਂਦਾ ਹੈ।
- ਜ਼ਮੀਨ ਦੀ ਪ੍ਰਾਪਤੀ ਅਤੇ ਡੈਮ ਦੀ ਉਸਾਰੀ ਵਿਸਥਾਪਨ ਦਾ ਕਾਰਨ ਹੈ।
- ਭਾਰਤ ਵਿੱਚ ਪਿੰਡ ਸਮਾਜਿਕ ਅਤੇ ਰਾਜਨੀਤਿਕ ਸੰਗਠਨ ਦੀ ਇਕਾਈ ਹਨ।
- ਪੇਂਡੂ ਕਰਜ਼ਦਾਰੀ ਸਾਡੇ ਕਮਜ਼ੋਰ ਆਰਥਿਕ ਢਾਂਚੇ ਦੇ ਸੰਕੇਤਕ ਹਨ।।
- ਪੇਂਡੂ ਸਮਾਜ ਵਿੱਚ ਪੰਚਾਇਤੀ ਰਾਜ ਦੀ ਸਥਾਪਨਾ ਨਾਲ਼ ਪਿੰਡਾਂ ਵਿੱਚ ਰਾਜਨੀਤਿਕ ਚੇਤਨਤਾ ਵਿੱਚ ਵਾਧਾ ਹੋਇਆ ਹੈ।
- ਨਵੀਂ ਤਕਨੀਕ ਨੂੰ ਅਪਣਾਉਣ ਨਾਲ ਖੇਤੀਬਾੜੀ ਨਾਲ ਸਬੰਧੰਤ ਰੁਜ਼ਗਾਰ ਵਿੱਚ ਵਾਧਾ ਹੋਇਆ ਹੈ।

- ਮਹਾਂਨਗਰ ਘਰਾਂ ਦੀ ਗੰਭੀਰ ਸਮੱਸਿਆ ਨਾਲ਼ ਜੂਝ ਰਹੇ ਹਨ।
- ਝੁੱਗੀ ਝੌਂਪੜੀ ਬਸਤੀਆਂ ਪੇਂਡੂ ਜੀਵਨ ਦਾ ਇੱਕ ਅੰਗ ਹਨ।
- ਅਛੂਤ ਜਾਤੀਆਂ ਨੂੰ ਅੰਤਿਆਜ ਨਾਂ ਨਾਲ਼ ਜਾਣਿਆ ਜਾਂਦਾ ਹੈ।
- ਜਾਤੀ ਭਾਰਤੀ ਸਮਾਜ ਦੀ ਪ੍ਰਬਲ ਵਿਵਸਥਾ ਹੈ।
- ਜਾਤੀ ਇੱਕ ਸਮਾਜਿਕ ਸਮੂਹ ਹੈ।
- ਵਰਗ ਵਿਵਸਥਾ ਸਮਾਜਿਕ ਸਤਰੀਕਰਨ ਦੀ ਮੁੱਖ ਕਿਸਮ ਹੈ।
- ਸਮਾਜਿਕ ਵਰਗ ਖੁੱਲੇ ਸਮੂਹ ਹਨ।
- ਲਿੰਗ ਅਨੁਪਾਤ ਦਾ ਅਰਥ 1000 ਇਸਤਰੀਆਂ ਪਿੱਛੇ ਪੁਰਸ਼ਾਂ ਦੀ ਸੰਖਿਆ ਹੈ।
- ਤੀਸਰੇ ਲਿੰਗ ਤੋਂ ਭਾਵ ਉਹ ਵਿਅਕਤੀ ਜਿਸ ਵਿੱਚ ਪੁਰਸ਼ ਅਤੇ ਇਸਤਰੀ ਦੋਨਾਂ ਦੇ ਲੱਛਣ ਹੋਣ।
- ਵਿਸ਼ਵੀਕਰਨ ਦੀ ਪ੍ਰਕਿਰਿਆ ਵਿਸ਼ਵ ਦੇ ਵਿਭਿੰਨ ਦੇਸਾਂ ਵਿੱਚ ਭਿੰਨ-ਭਿੰਨ ਹੁੰਦੀ ਹੈ।
- ਵਿਸ਼ਵੀਕਰਨ ਅੰਤਰ ਨਿਰਭਰਤਾ ਉੱਤੇ ਜ਼ੋਰ ਨਹੀਂ ਦਿੰਦਾ।
- ਸਮਾਜਿਕ ਅੰਦੋਲਨ ਵਿੱਚ ਲਗਾਤਾਰ ਸਮੂਹਿਕ ਗਤੀਸ਼ੀਲਤਾ, ਰਸਮੀ ਅਤੇ ਗ਼ੈਰ ਰਸਮੀ ਸੰਗਠਨ ਰਾਹੀਂ ਹੁੰਦੀ ਹੈ।
- ਸਮਾਜਿਕ ਅੰਦੋਲਨ ਸੁਭਾਅ ਤੋਂ ਹਮੇਸ਼ਾ ਸ਼ਾਂਤੀਪੂਰਨ ਹੁੰਦੇ ਹਨ?
- ਮਹਾਰ ਅੰਦੋਲਨ ਦਾ ਆਧਾਰ ਹਿੰਦੂ ਜਾਤੀ ਦੇ ਧਰਮ ਨੂੰ ਪੂਰੀ ਤਰ੍ਹਾਂ ਅਸਵੀਕਾਰ ਕਰਨਾ ਹੈ।
- ਅੰਦੋਲਨ ਜੋਤੀਰਾਵ ਫੂਲੇ ਦੁਆਰਾ ਸਥਾਪਿਤ ਕੀਤਾ ਗਿਆ।
- ਸਮਾਜਿਕ ਅੰਦੋਲਨ ਦਾ ਚੱਕਰ ਨਿਸ਼ਚਿਤ ਨਹੀਂ ਹੈ।
- ਨਸ਼ਾਖੋਰੀ ਦੀ ਤੁਲਨਾ ਵਿੱਚ ਸ਼ਰਾਬਖੋਰੀ ਇਲਾਜ਼ ਯੋਗ ਹੈ।
- ਜ਼ਿਆਦਾ ਪੀਣ ਵਾਲ਼ਾ ਵਿਅਕਤੀ ਜੋ ਹਰ ਰੋਜ਼ ਜਾਂ ਦਿਨ ਵਿੱਚ ਕਈ ਵਾਰ ਪੀਂਦਾ ਹੈ।
- ਨਸ਼ਾਖੋਰੀ ਦੀ ਰੋਕ ਵਿੱਚ ਅਧਿਆਪਕ ਮਹੱਤਵਪੂਰਨ ਭੂਮਿਕਾ ਨਹੀਂ ਨਿਭਾ ਸਕਦੇ ਹਨ।
- ਨਸ਼ਾਖੋਰੀ ਦੀ ਸਮੱਸਿਆ ਨੂੰ ਹੱਲ ਕਰਨ ਵਿੱਚ ਮਾਤਾ-ਪਿਤਾ ਅਸਮਰੱਥ ਹਨ।

- ਨਸ਼ੇ ਦੇ ਸੇਵਨ ਨਾਲ਼ ਲੰਬੇ ਸਮੇ ਦਾ ਪ੍ਰਭਾਵ ਅਤੇ ਲਗਾਤਾਰ ਇਸਤੇਮਾਲ ਗੰਭੀਰ ਨੁਕਸਾਨ ਪਹੁੰਚਾਉਂਦਾ ਹੈ।
- ਨਵੇਂ-ਵਿਆਹੇ ਜੋੜੇ ਨੂੰ ਸਮਝਣਾ ਚਾਹੀਦਾ ਹੈ ਕਿ ਛੋਟੇ ਪਰਿਵਾਰ ਵਿੱਚ ਕੇਵਲ ਲੜਕਿਆਂ ਦਾ ਹੋਣਾ ਹੀ ਜ਼ਰੂਰੀ ਨਹੀਂ ਹੈ।
- ਦਹੇਜ ਦਾ ਲਾਲਚ, ਲੜਕੇ ਦੇ ਜਨਮ ਦੀ ਇੱਛਾ ਜਾਂ ਪਤੀ ਦਾ ਜ਼ਿਆਦਾ ਸ਼ਰਾਬ ਸੇਵਨ ਕਰਨਾ ਜਾਂ ਇਸਤਰੀਆਂ ਵਿਰੁੱਧ ਘਰੇਲੂ ਹਿੰਸਾ ਦੇ ਪ੍ਰਮੁੱਖ ਕਾਰਨ ਹਨ।
- ਪਤਨੀ ਨੂੰ ਚੋਟ ਪਹੁੰਚਾਉਣਾ ਘਰੇਲੂ ਹਿੰਸਾ ਦਾ ਹਿੱਸਾ ਨਹੀਂ ਹੈ।
- ਪਤੀ/ਪਤਨੀ ਵੱਲੋਂ ਕੀਤੀ ਘਰੇਲੂ ਹਿੰਸਾ ਪਰਿਵਾਰ ਦੇ ਬੱਚਿਆਂ 'ਤੇ ਬੁਰਾ ਪ੍ਰਭਾਵ ਪਾਉਂਦੀ ਹੈ?
- ਮਾਂ-ਬਾਪ ਦੀ ਸੰਭਾਲ਼ ਸੰਬੰਧੀ ਬਿਲ ਹਿਮਾਚਲ ਪ੍ਰਦੇਸ਼ ਵਿੱਚ ਪਾਸ ਕੀਤਾ ਗਿਆ।
- ਬਿਰਧ ਵਿਅਕਤੀਆਂ ਨੂੰ ਬਿਰਧ ਅਵਸਥਾ ਦੇ ਕਾਰਨ ਅਕਸਰ ਕਮਾਉਣ ਯੋਗ ਨਹੀਂ ਸਮਝਿਆ ਜਾਂਦਾ।
- ਸਮਾਜਿਕ ਅੰਦੋਲਨ ਸੁਭਾਅ ਤੋਂ ਹਮੇਸ਼ਾ ਸ਼ਾਤੀਪੂਰਨ ਹੁੰਦੇ ਹਨ।
- ਪੁਰਸ਼ ਪ੍ਰਧਾਨ ਪਰਿਵਾਰ ਵਿੱਚ ਪਿਤਾ ਦੀ ਭੂਮਿਕਾ ਮਹੱਤਵਪੂਰਨ ਹੁੰਦੀ ਹੈ।
- ਸ਼ਹਿਰੀ ਸਮਾਜ ਦਾ ਆਕਾਰ ਛੋਟਾ ਹੁੰਦਾ ਹੈ।
- ਵਰਗ ਇੱਕ ਪ੍ਰਾਪਤ ਦਰਜਾ ਹੈ।
- ਸੰਸਕ੍ਰਿਤੀਕਰਨ ਧਾਰਮਿਕ ਪਵਿੱਤਰ ਨਜ਼ਰੀਏ ਨੂੰ ਉਤਸ਼ਾਹਿਤ ਕਰਦਾ ਹੈ।
- ਖੇਤੀ ਬਾੜੀ ਉਤਪਾਦਨ ਵਿੱਚ ਵਾਧਾ ਹਰਿਤ ਕ੍ਰਾਂਤੀ ਦਾ ਸਕਾਰਾਤਮਕ ਪ੍ਰਭਾਵ ਹੈ।
- ਜਯੋਤੀਰਾਵ ਫੁੱਲੇ ਦੁਆਰਾ SNDP ਅੰਦੋਲਨ ਦੀ ਸਥਾਪਨਾ ਕੀਤੀ ਗਈ।
- ਅਲਕੋਹਲ ਦੁਰਪਰਯੋਗ ਦਾ ਪਰਿਵਾਰਾਂ ਅਤੇ ਸਮੁਦਾਵਾਂ ਉੱਤੇ ਕੋਈ ਬੁਰਾ ਪ੍ਰਭਾਵ ਨਹੀਂ ਪੈਂਦਾ।

**ਭਾਗ-ਅ** **10 × 3 = 30**

(ii) ਭਾਗ -ਅ ਦੇ ਪ੍ਰਸ਼ਨ ਨੰ. 21 ਤੋਂ 32 ਤੱਕ ਛੋਟੇ ਪ੍ਰਸ਼ਨ ਹਨ। ਹਰੇਕ ਪ੍ਰਸ਼ਨ ਦੇ ਤਿੰਨ ਅੰਕ ਹਨ। ਕੋਈ 10 ਪ੍ਰਸ਼ਨ ਕਰੋ। ਹਰੇਕ ਪ੍ਰਸ਼ਨ ਦਾ ਉੱਤਰ ਇੱਕ-ਦੋ ਲਾਈਨਾਂ ਵਿੱਚ ਦਿਓ।

- ਭਾਰਤ ਵਿੱਚ ਕਬੀਲਿਆਂ ਦਾ ਪ੍ਰਤੀਸ਼ਤ ਕਿੰਨਾ ਹੈ?
- ਕਬਾਇਲੀ ਸਮਾਜ ਦੀਆਂ ਤਿੰਨ ਵਿਸ਼ੇਸ਼ਤਾਵਾਂ ਦੱਸੋ।
- ਜੰਗਲ਼ਾ ਦੀ ਕਟਾਈ ਤੋਂ ਕੀ ਭਾਵ ਹੈ?
- ਜੰਗਲਾਂ ਦੀ ਕਟਾਈ ਦੇ ਤਿੰਨ ਕਾਰਨ ਦੱਸੋ।
- ਵਿਸਥਾਪਨ ਤੋਂ ਤੁਸੀਂ ਕੀ ਸਮਝਦੇ ਹੋ?
- ਪੇਂਡੂ ਸਮਾਜ ਦਾ ਵਰਣਨ ਕਰੋ।
- ਪੇਂਡੂ ਸਮਾਜ ਦੀਆਂ ਤਿੰਨ ਵਿਸ਼ੇਸ਼ਤਾਵਾਂ ਲਿਖੋ?
- ਸ਼ਹਿਰੀ ਸਮਾਜ ਦੀ ਪਰਿਭਾਸ਼ਾ ਲਿਖੋ।
- ਸ਼ਹਿਰੀ ਸਮਾਜ ਵਿੱਚ ਝੁੱਗੀ ਝੋਪੜੀ ਬਸਤੀਆਂ ਦੀ ਉਤਪਤੀ ਦੇ ਤਿੰਨ ਕਾਰਨ ਲਿਖੋ।
- ਕਰਜ਼ਦਾਰੀ ਲਈ ਜ਼ੁੰਮੇਵਾਰ ਤਿੰਨ ਕਾਰਨ ਲਿਖੋ?
- ਜੰਗਲਾਂ ਦੀ ਕਟਾਈ ਦੇ ਦੋ ਕਾਰਨ ਲਿਖੋ?
- ਪੰਜਾਬ ਵਿੱਚ ਹਰੀ ਕ੍ਰਾਂਤੀ ਬਾਰੇ ਲਿਖੋ?
- ਹਰੀ ਕ੍ਰਾਂਤੀ ਦੇ ਦੋ ਸਕਾਰਾਤਮਕ ਅਤੇ ਦੋ ਨਾਕਾਰਾਤਮਕ ਪੱਖ ਲਿਖੋ।
- ਹਰੀ ਕ੍ਰਾਂਤੀ ਤੋਂ ਕੀ ਭਾਵ ਹੈ।
- ਗੰਦੀਆਂ ਬਸਤੀ ਝੁੱਗੀ/ਝੋਪੜੀ ਕਿਸ ਨੂੰ ਕਹਿੰਦੇ ਹਨ?
- ਵਰਗ ਤੋਂ ਤੁਸੀਂ ਕੀ ਸਮਝਦੇ ਹੋ?
- ਦਾਜ ਤੋਂ ਤੁਹਾਡਾ ਕੀ ਭਾਵ ਹੈ?
- ਵਰਗ ਅਤੇ ਜਾਤ ਵਿੱਚ ਭਿੰਨਤਾ ਦਰਸਾਉ।

- ਪੇਂਡੂ ਭਾਰਤ ਵਿੱਚ ਪਾਏ ਜਾਣ ਵਾਲ਼ੇ ਵਰਗਾਂ ਦੀ ਪਛਾਣ ਕਰੋ।
- ਪੱਛਮੀਕਰਣ ਦੀਆਂ ਦੋ ਵਿਸ਼ੇਸ਼ਤਾਵਾਂ ਲਿਖੋ।
- ਪੱਛਮੀਕਰਨ ਤੋਂ ਤੁਹਾਡਾ ਕੀ ਭਾਵ ਹੈ?
- ਪੱਛਮੀਕਰਨ ਅਤੇ ਸੰਸਕ੍ਰਿਤੀਕਰਨ ਵਿੱਚ ਭਿੰਨਤਾ ਸਪਸ਼ਟ ਕਰੋ।
- ਪੱਛਮੀਕਰਨ ਦੇ ਦੋ ਪ੍ਰਭਾਵ ਲਿਖੋ।
- ਵਿਸ਼ਵੀਕਰਨ ਕੀ ਹੈ? ਵਿਸ਼ਵੀਰਕਨ ਦੀਆਂ ਦੋ ਕਿਸਮਾਂ ਦੱਸੋ।
- ਵੈਸ਼ਵੀਕਰਨ ਦੇ ਦੋ ਪ੍ਰਕਾਰ ਕਿਹੜੇ-ਕਿਹੜੇ ਹਨ?
- ਆਧੁਨਿਕੀਕਰਨ ਦੇ ਦੋ ਕਾਰਨ ਲਿਖੋ।
- ਬ੍ਰਹਮੋ ਸਮਾਜ ਦੀ ਸਥਾਪਨਾ ਕਿਸ ਨੇ ਕੀਤੀ? ਨੋਟ ਲਿਖੋ।
- ਸਮਾਜਿਕ ਅੰਦੋਲਨ ਦੀ ਪਰਿਭਾਸ਼ਾ ਲਿਖੋ।
- ਕੋਈ ਦੋ ਜਾਤੀ ਅੰਦੋਲਨ ਕਿਹੜੇ-ਕਿਹੜੇ ਹਨ?
- ਚਿਪਕੋ ਅੰਦੋਲਨ ਵਿੱਚ 'ਚਿਪਕੋ' ਸ਼ਬਦ ਦਾ ਕੀ ਅਰਥ ਹੈ?
- ਜਾਤੀ ਅੰਦੋਲਨ ਤੋਂ ਤੁਸੀਂ ਕੀ ਸਮਝਦੇ ਹੋ?
- ਜਾਤੀ ਆਧਾਰਿਤ ਅੰਦੋਲਨ ਕੀ ਹੈ?
- ਜਾਤੀ ਤੋਂ ਤੁਸੀਂ ਕੀ ਸਮਝਦੇ ਹੋ ਅਤੇ ਜਾਤੀ ਅਤੇ ਵਰਨ ਵਿੱਚ ਕੀ ਅੰਤਰ ਹੈ?
- ਵਰਣਨ ਕਰੋ :
    - ੳ.) ਕਿਸਾਨ ਅੰਦੋਲਨ
    - ਅ) ਇਸਤਰੀ ਅੰਦੋਲਨ
- ਸ਼ਰਾਬਖੋਰੀ ਤੋਂ ਤੁਸੀਂ ਕੀ ਸਮਝਦੇ ਹੋ?
- ਸ਼ਰਾਬਖੋਰੀ ਦੇ ਪੱਧਰਾਂ ਦੀ ਜਾਣਕਾਰੀ ਦਿਉ।
- ਅਲਕੋਹਲਵਾਦ ਕੀ ਹੈ?

- ਸ਼ਰਾਬ ਸੇਵਨ ਦੇ ਭਿੰਨ ਪ੍ਰਭਾਵ ਦਾ ਵਰਣਨ ਕਰੋ?
- ਸ਼ਰਾਬਖੋਰੀ ਤੋਂ ਤੁਸੀਂ ਕੀ ਸਮਝਦੇ ਹੋ?
- ਨਸ਼ੇ ਦੀ ਰੋਕ ਲਈ ਅਧਿਆਪਕਾਂ ਦੀ ਭੂਮਿਕਾ ਬਾਰੇ ਨੋਟ ਲਿਖੋ।
- ਭਾਰਤ ਵਿੱਚ ਲੜਕਿਆਂ ਨੂੰ ਮਹੱਤਤਾ ਕਿਉਂ ਦਿੱਤੀ ਜਾਂਦੀ ਹੈ?
- ਬਜੁਰਗਾਂ ਦੀਆਂ ਦੋ ਮੁੱਖ ਸਮਸਿਆਵਾਂ ਕਿਹੜੀਆਂ ਹਨ?
- 'ਸਮਾਜਿਕ ਸੁਰੱਖਿਆ ਦੇ ਲਾਭਾਂ' ਤੋਂ ਤੁਸੀਂ ਕੀ ਸਮਝਦੇ ਹੋ?
- ਅਸਮਰੱਥਤਾ ਦੇ ਸਮਾਜਿਕ ਮਾਡਲ ਦਾ ਵਰਣਨ ਕਰੋ।
- ਅਸਮਰੱਥ ਵਿਅਕਤੀਆਂ ਦੁਆਰਾ ਕਿਹੜੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ?
- ਕਿੱਤੇ ਨੂੰ ਵਰਗ ਦੇ ਨਿਰਧਾਰਕ ਦੇ ਰੂਪ ਵਿੱਚ ਲਿਖੋ।
- ਲੜੀਵਾਦ ਨੂੰ ਜਾਤੀ ਦੀ ਵਿਸ਼ੇਸ਼ਤਾ ਦੇ ਤੌਰ ਤੇ ਵਿਆਖਿਆ ਕਰੋ।
- ਲਿੰਗ ਅਸਮਾਨਤਾ ਤੋਂ ਤੁਹਾਡਾ ਕੀ ਭਾਵ ਹੈ?

## ਭਾਗ–ੲ

(iii) ਭਾਗ–ੲ ਦੇ ਪ੍ਰਸ਼ਨ ਨੰ. 33 ਤੋਂ 39 ਤੱਕ ਪ੍ਰਸ਼ਨ ਹਨ। ਹਰੇਕ ਪ੍ਰਸ਼ਨ 4 ਅੰਕਾਂ ਦਾ ਹੈ। ਕੋਈ 5 ਪ੍ਰਸ਼ਨ ਹੱਲ ਕਰੋ। $4 \times 5 = 20$

- ਕਬਾਇਲੀ ਸਮਾਜ ਉੱਪਰ ਸੰਖੇਪ ਵਿੱਚ ਨੋਟ ਲਿਖੋ।
- ਗੋਂਡ ਅਤੇ ਭੀਲ ਕਬੀਲੇ ਵਿੱਚ ਭਿੰਨਤਾ ਦੱਸੋ।
- ਜੰਗਲਾਂ ਦੀ ਕਟਾਈ ਦੇ ਤਿੰਨ ਕਾਰਨ ਦੱਸੋ।
- ਜੰਗਲਾਂ ਦੀ ਕਟਾਈ ਤੋਂ ਕੀ ਭਾਵ ਹੈ? ਜੰਗਲਾਂ ਦੀ ਕਟਾਈ ਲਈ ਜਿੰਮੇਵਾਰ ਕਾਰਨਾ ਤੇ ਚਾਨਣ ਪਾਓ।
- ਪੇਂਡੂ ਸਮਾਜ ਤੋਂ ਤੁਹਾਡਾ ਕੀ ਭਾਵ ਹੈ, ਇਸ ਦੀਆਂ ਵਿਸ਼ੇਸ਼ਤਾਵਾਂ ਨੂੰ ਵਿਸਥਾਰ ਵਿੱਚ ਲਿਖੋ।
- ਕਰਜ਼ ਕੀ ਹੈ? ਕਰਜ਼ ਲਈ ਜ਼ੁੰਮੇਵਾਰ ਕਾਰਨ ਕਿਹੜੇ ਹਨ?

- ਹਰੀ ਕ੍ਰਾਂਤੀ ਦੀ ਪਰਿਭਾਸ਼ਾ ਲਿਖੋ। ਇਸ ਦੇ ਤੱਤਾਂ ਦਾ ਵਿਸਥਾਰਪੂਰਵਕ ਵਰਣਨ ਕਰੋ
- ਸ਼ਹਿਰੀ ਸਮਾਜ ਉੱਪਰ ਸੰਖੇਪ ਨੋਟ ਲਿਖੋ।
- ਘਰਾਂ ਦੀ ਸਮੱਸਿਆ ਦੇ ਭਿੰਨ ਭਿੰਨ ਕਾਰਨ ਦਰਸਾਉ।
- ਸ਼ਹਿਰੀ ਸਮਾਜ ਵਿੱਚ ਗੰਦੀਆਂ ਬਸਤੀਆਂ ਦੀ ਉਤਪਤੀ ਦੇ ਤਿੰਨ ਕਾਰਨ ਲਿਖੋ।
- ਸ਼ਹਿਰੀ ਸਮਾਜ ਤੋਂ ਕੀ ਭਾਵ ਹੈ। ਇਸ ਦੀਆਂ ਵਿਸ਼ੇਸ਼ਤਾਈਆਂ ਬਾਰੇ ਵਿਸਥਾਰ ਨਾਲ਼ ਚਰਚਾ ਕਰੋ।
- ਸ਼ਹਿਰੀ ਸਮਾਜ ਉੱਪਰ ਵਿਸਤ੍ਰਿਤ ਨੋਟ ਲਿਖੋ।
- ਝੁੱਗੀ ਝੌਂਪੜੀ ਬਸਤੀ ਕਿਸ ਨੂੰ ਕਹਿੰਦੇ ਹਨ? ਘਰਾਂ ਦੀ ਸਮੱਸਿਆ ਦੇ ਤਿੰਨ ਪ੍ਰਮੁੱਖ ਕਾਰਨ ਕਿਹੜੇ ਹਨ?
- ਝੁੱਗੀ ਝੋਪੜੀ ਬਸਤੀਆਂ ਦੇ ਵਾਧੇ ਦੇ ਕਾਰਨਾਂ ਬਾਰੇ ਲਿਖੋ।
- ਕਬਾਇਲੀ ਸਮਾਜ, ਪੇਂਡੂ ਸਮਾਜ ਅਤੇ ਸ਼ਹਿਰੀ-ਸਮਾਜ ਵਿੱਚ ਅੰਤਰ ਨੂੰ ਵਿਸਥਾਰ ਸਹਿਤ ਸਪੱਸ਼ਟ ਕਰੋ।
- ਜਾਤੀ ਤੋਂ ਤੁਸੀਂ ਕੀ ਸਮਝਦੇ ਹੋ? ਜਾਤੀ ਅਤੇ ਵਰਨ ਵਿੱਚ ਕੀ ਅੰਤਰ ਹੈ।
- ਜਾਤੀ ਦੀਆਂ ਚਾਰ ਵਿਸ਼ੇਸ਼ਤਾਵਾਂ ਲਿਖੋ।
- ਉਹਨਾਂ ਪਰਿਵਰਤਨਾਂ ਦਾ ਉਲੇਖ ਕਰੋ ਜਿਹੜੇ ਭਾਰਤ ਵਿੱਚ ਜਾਤੀ ਰਹਿਤ ਸਮਾਜ ਦੀ ਕਲਪਨਾ ਕਰਦੇ ਹਨ।!
- ਵਰਗ ਅਤੇ ਜਾਤ ਵਿੱਚ ਭਿੰਨਤਾ ਦੱਸੋ।
- ਪੇਂਡੂ ਭਾਰਤ ਵਿੱਚ ਕਿਹੜੇ ਵਰਗ ਪਾਏ ਜਾਂਦੇ ਹਨ। ਸੰਖੇਪ ਵਿੱਚ ਦੱਸੋ।
- ਗ੍ਰਾਮੀਣ ਸਮਾਜ ਦੀਆਂ ਵਿਸ਼ੇਸ਼ਤਾਵਾਂ ਦਾ ਵਰਣਨ ਕਰੋ।
- ਸ਼ਹਿਰੀ ਭਾਰਤ ਵਿੱਚ ਕਿਹੜੇ ਵਰਗ ਪਾਏ ਜਾਂਦੇ ਹਨ? ਸੰਖੇਪ ਵਿੱਚ ਦੱਸੋ।
- ਲਿੰਗ ਅਸਮਾਨਤਾ ਤੋਂ ਤੁਸੀਂ ਕੀ ਸਮਝਦੇ ਹੋ?
- ਕੀ ਇਸਤਰੀਆਂ ਪ੍ਰਤਿ ਹਿੰਸਾ ਪਿੱਤਰ ਪ੍ਰਧਾਨਤਾ ਦਾ ਨਤੀਜਾ ਹੈ?

- ਇਸਤਰੀਵਾਦ  ਦੇ ਮਹੱਤਵਪੂਰਨ ਸਿਧਾਂਤਾਂ ਦਾ ਵਰਣਨ ਕਰੋ।
- ਸੰਸਕ੍ਰਿਤੀਕਰਨ ਉੱਪਰ ਲੇਖ ਲਿਖੋ।
- ਆਧੁਨਿਕੀਕਰਨ ਉੱਪਰ ਨੋਟ ਲਿਖੋ।
- ਸ਼ਰਾਬ ਸੇਵਨ ਦੇ ਭਿੰਨ ਪੜਾਵਾਂ ਦਾ ਸੰਖੇਪ ਵਰਨਣ ਕਰੋ।
- ਅਵਾਸ ਸਮੱਸਿਆ ਦੇ ਲਈ ਜਿੰਮੇਵਾਰ ਕਾਰਨ ਕਿਹੜੇ ਹਨ? ਵਰਣਨ ਕਰੋ।
- ਨਸ਼ੀਲੀਆਂ ਦਵਾਈਆਂ ਦੇ ਦੀਰਘਕਾਲੀਨ ਪ੍ਰਭਾਵਾਂ ਦੀ ਚਰਚਾ ਕਰੋ।
- ਕਿਸ਼ੋਰਾਂ ਨੂੰ ਨਸ਼ੀਲੀਆਂ ਦਵਾਈਆਂ ਤੋਂ ਬਚਾਉਣ ਦੇ ਲਈ ਕਿਸ ਤਰ੍ਹਾਂ ਦਾ ਵਿਸ਼ੇਸ਼ ਧਿਆਨ ਦਿੱਤਾ ਜਾ ਸਕਦਾ ਹੈ।
- ਸ਼ਰਾਬਖੋਰੀ ਦੇ ਹਾਨੀਕਾਰਕ ਪ੍ਰਭਾਵ 'ਤੇ ਵਿਸਥਾਰ ਲਿਖੋ?
- ਨਸ਼ਾਖੋਰੀ ਲਈ ਜ਼ਿੰਮੇਵਾਰ ਕਾਰਨਾਂ ਤੇ ਵਿਸਥਾਰ ਨੋਟ ਲਿਖੋ?
- ਕੰਨਿਆ ਭਰੂਣ ਹੱਤਿਆ ਤੇ ਇੱਕ ਛੋਟਾ ਲੇਖ ਲਿਖੋ।
- ਕੰਨਿਆਂ ਭਰੂਣ ਹਤਿੱਆ ਕੀ ਹੈ? ਇਸਦੇ ਕਾਰਨਾਂ ਦੀ ਵਿਆਖਿਆ ਕਰੋ।
- ਘਰੇਲੂ ਹਿੰਸਾ ਦੇ ਕਾਰਨਾਂ ਦਾ ਵਰਣਨ ਕਰੋ।
- ਘਰੇਲੂ ਹਿੰਸਾ ਦੇ ਦੁਰਪ੍ਰਭਾਵ ਕਿਹੜੇ ਹਨ?
- ਕੰਨਿਆ ਭਰੂਣ ਹੱਤਿਆ ਦੀ ਸਮੱਸਿਆ ਦੇ ਹੱਲ ਲਈ ਸਰਕਾਰ ਦਾ ਕੀ ਯੋਗਦਾਨ ਹੈ?
- ਘਰੇਲੂ ਹਿੰਸਾ ਦੀ ਵਿਸਥਾਰ ਨਾਲ਼ ਵਿਆਖਿਆ ਕਰੋ।
- ਭਾਰਤੀ ਸਮਾਜ ਵਿੱਚ ਬਿਰਧ ਲੋਕਾਂ ਦੁਆਰਾ ਸਾਹਮਣਾ ਕੀਤੀਆਂ ਜਾ ਰਹੀਆ ਸਮੱਸਿਆਵਾਂ ਦਾ ਵਰਨਣ ਕਰੋ।
- ਬਿਰਧ ਅਵਸਥਾ ਦੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਕਿਵੇਂ ਹੱਲ ਕੀਤਾ ਜਾ ਸਕਦਾ ਹੈ?
- ਬਿਰਧ ਦੀਆਂ ਸਮੱਸਿਆਵਾਂ ਤੇ ਵਿਸਥਾਰ ਸਹਿਤ ਚਰਚਾ ਕਰੋ।

- ਵਿਲੱਖਣ ਸਮਰੱਥਾ ਵਾਲ਼ੇ ਵਿਅਕਤੀਆਂ ਨੂੰ ਕਿਸ ਪ੍ਰਕਾਰ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ?
- ਨਸ਼ੇ ਦੀਆਂ ਦੋ ਕਿਸਮਾਂ ਦੀ ਚਰਚਾ ਕਰੋ।
- ਕੰਨਿਆਂ ਭਰੂਣ ਹੱਤਿਆ ਉੱਤੇ ਇੱਕ ਨੋਟ ਲਿਖੋ।
- ਕਬਾਇਲੀ ਸਮਾਜ ਦੀ ਵਿਆਹ ਵਿਵਸਥਾ ਦੀ ਵਿਆਖਿਆ ਕਰੋ।
- ਵਰਗ ਵਿਵਸਥਾ ਕੀ ਹੈ? ਚਰਚਾ ਕਰੋ।
- ਉਦਾਰਵਾਦ ਨਾਰੀਵਾਦ ਕੀ ਹੈ?
- ਸੰਸਕ੍ਰਿਤੀਕਰਨ ਦੇ ਚਾਰ ਪ੍ਰਭਾਵ ਦਾ ਵਰਣਨ ਕਰੋ।
- ਆਧੁਨਿਕੀਕਰਨ ਤੋਂ ਤੁਸੀਂ ਕੀ ਸਮਝਦੇ ਹੋ? ਵਿਆਖਿਆ ਕਰੋ।